# ਇਕਾਈ ੪

# ਸਾਡੇ ਆਲੇ ਦੁਆਲੇ ਦੀਆਂ ਚੀਜ਼ਾਂ

## ਇਕਾਈ ਬਾਰੇ

ਇਸ ਇਕਾਈ ਵਿੱਚ, ਅਸੀਂ ਬਹੁਤ ਸਾਰੀਆਂ ਚੀਜ਼ਾਂ ਦੀ ਪੜਚੋਲ ਕਰਾਂਗੇ ਜੋ ਅਸੀਂ ਬਣਾਉਂਦੇ ਹਾਂ ਅਤੇ ਉਹਨਾਂ ਦਾ ਉਪਯੋਗ ਆਪਣੀ ਸੂਵਿਧਾ ਲਈ ਕਰਦੇ ਹਾਂ। ਅਸੀਂ ਇਨ੍ਹਾਂ ਚੀਜ਼ਾਂ ਦਾ ਨਿਰੀਖਣ ਕਰਾਂਗੇ, ਇਹ ਜਾਣਾਂਗੇ ਕਿ ਇਹ ਕਿਸ ਚੀਜ਼ ਤੋਂ ਬਣੀਆਂ ਹਨ, ਅਤੇ ਇਹ ਪਤਾ ਕਰਾਂਗੇ ਕਿ ਇਹ ਕਿੱਥੋਂ ਆਈਆਂ ਹਨ। ਅਸੀਂ ਕੁਦਰਤੀ ਸਰੋਤਾਂ ਦੀ ਪੜਚੋਲ ਕਰਾਂਗੇ ਜੋ ਸਾਨੂੰ ਇਹ ਸਮੱਗਰੀ ਪ੍ਰਦਾਨ ਕਰਦੇ ਹਨ।

ਅਸੀਂ ਵੱਖ-ਵੱਖ ਸਮੱਗਰੀਆਂ ਦੇ ਬਾਰੇ ਖੋਜ ਕਰਾਂਗੇ ਅਤੇ ਸਿੱਖਾਂਗੇ ਕਿ ਉਨ੍ਹਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਕਿਵੇਂ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ, ਅਸੀਂ ਆਪਣੇ ਆਲੇ ਦੁਆਲੇ ਦੇ ਰਹਿੰਦ-ਖੂੰਹਦ ਪਦਾਰਥਾਂ ਦਾ ਨਿਰੀਖਣ ਕਰਾਂਗੇ ਅਤੇ ਸਿੱਖਾਂਗੇ ਕਿ ਆਪਣੇ ਆਲੇ ਦੁਆਲੇ ਨੂੰ ਸਾਫ਼ ਅਤੇ ਸਿਹਤਮੰਦ ਰੱਖਣ ਲਈ ਉਨ੍ਹਾਂ ਦਾ ਪ੍ਰਬੰਧਨ ਕਿਵੇਂ ਕਰਨਾ ਹੈ. ਇਹ ਯਾਤਰਾ ਸਾਨੂੰ ਉਨ੍ਹਾਂ ਸਰੋਤਾਂ ਨੂੰ ਸਮਝਣ ਅਤੇ ਪ੍ਰਸ਼ੰਸਾ ਕਰਨ ਵਿੱਚ ਮਦਦ ਕਰੇਗੀ ਜੋ ਅਸੀਂ ਹਰ ਰੋਜ਼ ਵਰਤਦੇ ਹਾਂ।



© NCERT not to be republished

## ਅਧਿਆਪਕ ਨੋਟ



ਇਹ ਇਕਾਈ ਸਾਡੇ ਆਲੇ-ਦੁਆਲੇ ਦੀਆਂ ਵਸਤੂਆਂ ਦੇ ਬਾਰੇ ਹੈ। ਇਹਨਾਂ ਅਧਿਆਇਆਂ ਵਿੱਚ ਕਵਰ ਕੀਤੇ ਗਏ ਮੁੱਖ ਸੰਕਲਪਾਂ ਦਾ ਵਰਣਨ ਹੇਠਾਂ ਕੀਤਾ ਗਿਆ ਹੈ।

**ਅਧਿਆਇ 10:** ਵਸਤੂਆਂ ਦੀ ਦੁਨੀਆਂ ਅਧਿਆਇ ਸਾਨੂੰ ਆਪਣੇ ਆਲੇ ਦੁਆਲੇ ਦੀਆਂ ਚੀਜ਼ਾਂ ਦੀ ਪੜਚੋਲ ਕਰਨ, ਚੀਜ਼ਾਂ ਨੂੰ ਨੇੜਿਓਂ ਵੇਖਣ ਵਿੱਚ ਮਦਦ ਕਰਦੀ ਹੈ ਕਿ ਉਹ ਕਿਸ ਚੀਜ਼ ਤੋਂ ਬਣੀਆਂ ਹਨ ਅਤੇ ਉਹ ਕਿੱਥੋਂ ਆਉਂਦੀਆਂ ਹਨ ਅਤੇ ਇਹ ਜਾਨਣ ਵਿੱਚ ਵੀ ਸਹਾਇਤਾ ਕਰਦੀਆਂ ਹਨ ਕਿ ਕਿਹੜੀਆਂ ਚੀਜ਼ਾਂ ਕੁਦਰਤ ਤੋਂ ਆਉਂਦੀਆਂ ਹਨ ਅਤੇ ਕਿਹੜੀਆਂ ਲੋਕਾਂ ਦੁਆਰਾ ਬਣਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ, ਅਸੀਂ ਵੱਖ-ਵੱਖ ਸਮੱਗਰੀਆਂ ਦੀਆਂ ਵਿਭਿੰਨ ਵਿਸ਼ੇਸ਼ਤਾਵਾਂ ਦੀ ਪੜਚੋਲ ਕਰਦੇ ਹਾਂ।

**ਅਧਿਆਇ 11:** ਚੀਜ਼ਾਂ ਬਣਾਉਣਾ ਸਾਨੂੰ ਵੱਖ-ਵੱਖ ਸਮੱਗਰੀਆਂ ਬਾਰੇ ਸਿੱਖਣ ਵਿੱਚ ਮਦਦ ਕਰਦਾ ਹੈ ਅਤੇ ਉਹਨਾਂ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ। ਅਸੀਂ ਖੋਜ ਕਰਦੇ ਹਾਂ ਕਿ ਕੁਦਰਤੀ ਸਰੋਤਾਂ ਦੀ ਵਰਤੋਂ ਕਰਕੇ ਘਰ ਕਿਵੇਂ ਬਣਾਏ ਜਾਂਦੇ ਹਨ ਅਤੇ ਲੋਕ ਨਵੇਂ ਡਿਜ਼ਾਈਨ ਅਤੇ ਸ਼ੈਲੀਆਂ ਨੂੰ ਕਿਵੇਂ ਅਪਨਾਉਂਦੇ ਹਨ। ਇਸ ਤੋਂ ਇਲਾਵਾ, ਅਸੀਂ ਹਮੇਸ਼ਾ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨ ਦੀ ਮਹੱਤਤਾ ਬਾਰੇ ਵਿਚਾਰ-ਚਰਚਾ ਕਰਦੇ ਹਾਂ.

**ਅਧਿਆਇ 12:** ਰਹਿੰਦ-ਖੂੰਹਦ ਦਾ ਨਿਪਟਾਰਾ, ਕੂੜੇ ਨੂੰ ਨਿਰਧਾਰਤ ਖੇਤਰਾਂ ਵਿੱਚ ਪਾਉਣਾ ਚਾਹੀਦਾ ਹੈ ਅਤੇ ਇਸਨੂੰ ਸਹੀ ਢੰਗ ਨਾਲ ਛਾਂਟਣ ਦੀ ਮਹੱਤਤਾ ਤੇ ਜ਼ੋਰ ਦਿੰਦਾ ਹੈ। ਅਸੀਂ ਮੁੜ ਵਰਤਣਯੋਗ ਦੇ ਮੁੱਲ ਦਾ ਵੀ ਵਰਣਨ ਕਰਦੇ ਹਾਂ। ਇਸ ਤੋਂ ਇਲਾਵਾ, ਅਸੀਂ ਆਪਣੇ ਘਰਾਂ ਅਤੇ ਗੁਆਂਢ ਵਿੱਚ ਸਫਾਈ ਅਤੇ ਸੁਰੱਖਿਆ ਬਣਾਈ ਰੱਖਣ ਦੇ ਤਰੀਕਿਆਂ ਦੀ ਪੜਚੋਲ ਕਰਦੇ ਹਾਂ।



ਗਿਫ਼ਟ ਪੈਕ ਕਰਨ ਲਈ ਅਖਬਾਰਾਂ ਜਾਂ ਪੁਰਾਣੇ ਕੱਪੜੇ ਦੀ ਵਰਤੋਂ ਇੱਕ ਵਾਤਾਵਰਣ-ਅਨੁਕੂਲ ਅਭਿਆਸ ਹੈ ਜੋ ਰਹਿੰਦ-ਖੂੰਹਦ ਨੂੰ ਘਟਾਉਂਦਾ ਹੈ ਅਤੇ ਸਰੋਤਾਂ ਦੀ ਸੰਭਾਲ ਕਰਦਾ ਹੈ। ਅਜਿਹੀਆਂ ਚੀਜ਼ਾਂ ਦੀ ਰਚਨਾਤਮਕ ਵਰਤੋਂ ਕਰਕੇ, ਅਸੀਂ ਨਾ ਸਿਰਫ ਆਪਣੀ ਰਹਿੰਦ-ਖੂੰਹਦ ਨੂੰ ਘਟਾਉਂਦੇ ਹਾਂ ਬਲਕਿ ਆਪਣੇ ਤੋਹਫ਼ਿਆਂ ਵਿੱਚ ਇੱਕ ਵਿਅਕਤੀਗਤ ਛੂਹ ਵੀ ਜੋੜਦੇ ਹਾਂ।




- ਵੱਖ-ਵੱਖ ਸਮੱਗਰੀਆਂ (ਧਾਤੂ, ਲੱਕੜ, ਸ਼ੀਸ਼ੇ, ਪਲਾਸਟਿਕ, ਮਿੱਟੀ, ਆਦਿ) ਤੋਂ ਬਣੇ ਕਈ ਤਰ੍ਹਾਂ ਦੀਆਂ ਚੀਜ਼ਾਂ ਨੂੰ ਇਕੱਤਰ ਅਤੇ ਪ੍ਰਦਰਸ਼ਿਤ ਕਰੋ।
- ਮੁਲਾਕਾਤਾਂ ਅਤੇ ਗੱਲ-ਬਾਤ: ਕਿਸੇ ਕੁਲੀ, ਸਥਾਨਕ ਖਿਡੌਣਾ ਬਣਾਉਣ ਵਾਲੇ ਆਦਿ ਦੀ ਮੁਲਾਕਾਤ ਦਾ ਪ੍ਰਬੰਧ ਕਰੋ, ਜਾਂ ਬੱਚਿਆਂ ਨਾਲ ਗੱਲ ਕਰਨ ਲਈ ਉਨ੍ਹਾਂ ਨੂੰ ਸਕੂਲ ਬੁਲਾਓ।
- ਕਲਾਸ ਵਿੱਚ ਬੱਚਿਆਂ ਲਈ ਰਹਿੰਦ-ਖੂੰਹਦ ਤੋਂ ਡਸਟਬਿਨ (ਸੁੱਕੇ ਅਤੇ ਗਿੱਲੇ ਕੂੜੇ ਲਈ) ਨੂੰ ਅੱਲਗ ਕਰਨ ਲਈ ਪ੍ਰਬੰਧ ਕਰੋ।
- ਰਹਿੰਦ-ਖੂੰਹਦ ਨੂੰ ਸੁੱਕੇ ਅਤੇ ਗਿੱਲੇ ਵਿੱਚ ਵੱਖ ਕਰਨ ਦਾ ਪ੍ਰਦਰਸ਼ਨ ਕਰੋ (ਉਦਾਹਰਨ ਲਈ, ਦੁਪਹਿਰ ਦੇ ਖਾਣੇ ਤੋਂ ਬਾਅਦ)। ਇਹ ਯਕੀਨੀ ਬਣਾਓ ਕਿ ਬੱਚੇ ਦਸਤਾਨੇ ਅਤੇ ਮਾਸਕ ਪਹਿਨਣ।

© NCERT not to be republished

ਅਭਿਆਸ ੧੦




# ਵਸਤੂਆਂ ਦੀ ਦੁਨੀਆਂ

## ਆਓ ਆਪਣੇ ਆਲੇ ਦੁਆਲੇ ਨਜ਼ਰ ਮਾਰੀਏ!

ਖੁਸ਼ੀ ਜਲਦੀ ਸਕੂਲ ਪਹੁੰਚ ਗਈ। ਸੂਰਜ ਦੀ ਰੌਸ਼ਨੀ ਖਿੜਕੀਆਂ ‘ਤੇ ਪੈ ਰਹੀ ਸੀ ਅਤੇ ਕਲਾਸਰੂਮ ਚਮਕਦਾਰ ਅਤੇ ਸੁੰਦਰ ਦਿਖਾਈ ਦੇ ਰਿਹਾ ਸੀ। ਖੁਸ਼ੀ ਇਸ ਦ੍ਰਿਸ਼ ਨੂੰ ਇੱਕ ਤਸਵੀਰ ਵਿੱਚ ਕੈਦ ਕਰਨਾ ਚਾਹੁੰਦੀ ਸੀ। ਇਹ ਉਹ ਚਿੱਤਰ ਹੈ ਜੋ ਉਸਨੇ ਬਣਾਇਆ ਹੈ।

**ਕੀ ਤੁਸੀਂ ਖੁਸ਼ੀ ਦੇ ਬਣਾਏ ਚਿੱਤਰ ਵਿੱਚ ਵਸਤੂਆਂ ਦੇ ਨਾਮ ਦੱਸ ਸਕਦੇ ਹੋ? ਦਿੱਤੇ ਗਏ ਡੱਬਿਆਂ ਵਿੱਚ ਲਿਖੋ।**




ਕੀ ਇਸ ਚਿੱਤਰ ਵਿੱਚ ਤੁਸੀਂ ਖਿੜਕੀ ਦਾ ਸ਼ੀਸ਼ਾ ਵੇਖ ਰਹੇ ਹੋ? ਕਿਉਂ ਜਾਂ ਕਿਉਂ ਨਹੀਂ?

© NCERT not to be republished

## ਗਤੀਵਿਧੀ ੧

### ਆਪਣੀ ਜਮਾਤ ਦੇ ਕਮਰੇ ਨੂੰ ਸਮਝੋ

ਆਪਣੀ ਕਾਪੀ ਵਿੱਚ ਆਪਣੇ ਜਮਾਤ ਦੀ ਤਸਵੀਰ ਬਣਾਓ। ਉਹਨਾਂ ਚੀਜ਼ਾਂ ਨੂੰ ਲੇਬਲ ਕਰੋ ਜੋ ਤੁਸੀਂ ਬਣਾਇਆਂ ਹਨ।

ਖੁਸ਼ੀ ਉਤਸੁਕ ਹੈ, "ਇਹ ਸਾਰੀਆਂ ਚੀਜ਼ਾਂ ਕਿੱਥੋਂ ਆਈਆਂ ਹਨ? ਉਨ੍ਹਾਂ ਨੂੰ ਕਿਸਨੇ ਬਣਾਇਆ ਹੈ? ਉਹ ਸਾਰੇ ਚੀਜ਼ਾ ਕਿਸ ਤੋਂ ਬਣਿਆ ਹਨ?" ਉਸਨੇ ਸੋਚਿਆ।

ਆਓ ਖੁਸ਼ੀ ਨੂੰ ਪਤਾ ਕਰਨ ਵਿੱਚ ਮਦਦ ਕਰੀਏ।

ਮੇਜ਼ ਅਤੇ ਕੁਰਸੀ ਲੱਕੜ ਦੇ ਬਣੇ ਹੋਏ ਹਨ। ਸਾਨੂੰ ਲੱਕੜ ਕਿੱਥੋਂ ਮਿਲਦੀ ਹੈ?

ਦਰਵਾਜ਼ੇ ਦੇ ਕਬਜੇ(ਜੋੜ), ਕੀਲ ਅਤੇ ਕੁੰਡੀਆਂ ਕੁਝ ਧਾਤਾਂ ਤੋਂ ਬਣੀਆਂ ਹੁੰਦੀਆਂ ਹਨ।

**ਕੀ ਤੁਸੀ ਜਾਣਦੇ ਹੋ?**

ਧਾਤਾਂ ਨੂੰ ਧਿਆਨ ਨਾਲ ਧਰਤੀ ਦੇ ਅੰਦਰੋਂ ਖੋਦੇ ਗਏ ਕੁਝ ਚੱਟਾਨਾਂ ਅਤੇ ਤਲ(ਜਿਸ ਨੂੰ 'ਅਯਸਕ' ਕਿਹਾ ਜਾਂਦਾ ਹੈ) ਤੋਂ ਕੱਢਿਆ ਜਾਂਦਾ ਹੈ।





**ਅਧਿਆਪਕ ਨੋਟ**

ਬੱਚਿਆਂ ਨੂੰ ਆਪਣੇ ਆਲੇ ਦੁਆਲੇ ਦੀਆਂ ਕੁਝ ਆਮ ਧਾਤਾਂ ਜਿਵੇਂ ਕਿ ਲੋਹਾ, ਤਾਂਬਾ, ਐਲੂਮੀਨੀਅਮ, ਸੋਨਾ, ਚਾਂਦੀ, ਥਰਮਾਮੀਟਰ ਵਿੱਚ ਪਾਰਾ ਜਾਂ ਸਟੀਲ, ਪੀਤਲ ਅਤੇ ਕਾਂਸੀ ਵਰਗੇ ਮਿਸ਼ਰਣ ਦਿਖਾਓ। ਮਿਸ਼ਰਿਤ ਧਾਤਾਂ ਦੋ ਜਾਂ ਦੋ ਤੋਂ ਵੱਧ ਧਾਤਾਂ ਦਾ ਮਿਸ਼ਰਣ ਹੁੰਦੇ ਹਨ।

© NCERT not to be republished



ਗਤੀਵਿਧੀ ੨

### ਧਾਤਾਂ ਨੂੰ ਪਹਿਚਾਣੋ

ਧਾਤਾਂ ਤੋਂ ਬਣੇ ਜਿੰਨੀਆਂ ਵੱਧ ਤੋਂ ਵੱਧ ਚੀਜ਼ਾਂ ਦੇ ਭਾਗ ਬਾਰੇ ਪਤਾ ਕਰੋ।. ਤੁਸੀਂ ਆਪਣੇ ਆਲੇ ਦੁਆਲੇ ਕਿਹੜੀਆਂ ਧਾਤਾਂ ਨੂੰ ਪਛਾਣਦੇ ਹੋ? ਜੇ ਤੁਸੀਂ ਧਾਤੂ ਦਾ ਨਾਮ ਨਹੀਂ ਜਾਣਦੇ, ਤਾਂ ਆਪਣੇ ਦੋਸਤਾਂ ਜਾਂ ਕਿਸੇ ਵੱਡੇ ਨੂੰ ਪੁੱਛੋ। ਆਪਣੀ ਕਾਪੀ ਵਿੱਚ ਇਨ੍ਹਾਂ ਧਾਤਾਂ ਦੀ ਇੱਕ ਸੂਚੀ ਬਣਾਓ।

ਲੱਭੋ

ਜਮਾਤ ਵਿੱਚ ਹੋਰ ਕਿਹੜੀਆਂ ਚੀਜ਼ਾਂ ਹਨ, ਜਿਵੇਂ ਕਿ, ਮੈਟ, ਬਲਬ ਅਤੇ ਬਿਜਲੀ ਦੇ ਸਵਿਚ, ਕਿਸ ਤੋਂ ਬਣੇ ਹਨ?

## ਆਰ-ਪਾਰ ਦਿੱਖਣ ਵਾਲੀਆਂ ਚੀਜ਼ਾਂ!

ਖੁਸ਼ੀ ਆਪਣੇ ਡੈਸਕ ‘ਤੇ ਬੈਠੀ ਸੀ। ਉਹ ਸੁੰਦਰ ਫੁੱਲਾਂ ਨਾਲ ਭਰੇ ਇੱਕ ਰੁੱਖ ਨੂੰ ਦੇਖ ਸਕਦੀ ਸੀ। ਉਹ ਉਨ੍ਹਾਂ ਨੂੰ ਛੂਹਣ ਲਈ ਪਹੁੰਚੀ। ਉਸ ਦਾ ਹੱਥ ਖਿੜਕੀ ਦੇ ਸ਼ੀਸ਼ੇ ਨੂੰ ਛੂਹ ਗਿਆ। ਪਹਿਲਾਂ ਤਾਂ ਖੁਸ਼ੀ ਨੇ ਖਿੜਕੀਆਂ ਦੇ ਸ਼ੀਸ਼ੇ ਨਹੀਂ ਦੇਖੇ। ਉਹ ਸ਼ੀਸ਼ੇ ਦੇ ਬਣੇ ਹੋਏ ਸਨ ਅਤੇ ਉਸਨੂੰ ਅਹਿਸਾਸ ਹੋਇਆ ਕਿ ਉਹ ਸ਼ੀਸ਼ੇ ਰਾਹੀਂ ਫੁੱਲਾਂ ਅਤੇ ਰੁੱਖਾਂ ਨੂੰ ਵੇਖ ਰਹੀ ਸੀ। ਸ਼ੀਸ਼ਾ ਤਾਂ ਇਸ ਤਰ੍ਹਾਂ ਹੁੰਦਾ ਹੈ!



- ਕੀ ਤੁਹਾਡੀ ਖਿੜਕੀਆਂ ਵਿੱਚ ਸ਼ੀਸ਼ੇ ਲੱਗੇ ਹਨ?
- ਕੀ ਤੁਸੀਂ ਇਸ ਨੂੰ ਦੇਖ ਸਕਦੇ ਹੋ?
- ਤੁਸੀਂ ਕੀ ਦੇਖਦੇ ਹੋ?

© NCERT not to be republished



## ਗਤੀਵਿਧੀ ੩

### ਚੀਜ਼ਾਂ ਦੇ ਆਰ-ਪਾਰ ਵੇਖਣਾ



ਆਪਣੇ ਆਲੇ-ਦੁਆਲੇ ਤੋਂ ਵੱਖ-ਵੱਖ ਸਮੱਗਰੀਆਂ ਦੀਆਂ ਕੁਝ ਛੋਟੀਆਂ ਚੀਜ਼ਾਂ ਇਕੱਤਰ ਕਰੋ ਜਿਵੇਂ ਕਿ ਬੋਤਲਾਂ, ਕਾਗਜ਼, ਕੱਪੜੇ ਅਤੇ ਭਾਂਡੇ, ਆਦਿ। ਉਨ੍ਹਾਂ ਵਿਚੋਂ ਕਿਸੇ ਲਾਈਟ ਬਲਬ ਜਾਂ ਮੋਮਬੱਤੀ ਦੀ ਅੱਗ ਨੂੰ ਦੇਖੋ। ਤੁਸੀਂ ਕੁਝ ਵਸਤੂਆਂ ਨੂੰ ਬਹੁਤ ਸਪਸ਼ਟ ਰੂਪ ਵਿੱਚ ਦੇਖ ਸਕਦੇ ਹੋ, ਤੁਸੀਂ ਕੁਝ ਚੀਜ਼ਾਂ ਨੂੰ ਅੰਸ਼ਿਕ ਤੌਰ 'ਤੇ ਧੁੰਦਲਾ ਦੇਖ ਸਕਦੇ ਹੋ, ਜਦੋਂ ਕਿ ਤੁਸੀਂ ਕੁਝ ਵਸਤੂਆਂ ਰਾਹੀਂ ਬਿਲਕੁਲ ਨਹੀਂ ਦੇਖ ਸਕਦੇ। ਇਸੇ ਅਧਾਰ ਤੇ ਇਹਨਾਂ ਵਸਤੂਆਂ ਨੂੰ ਜਿੰਨ੍ਹਾਂ ਨੂੰ ਤੁਸੀਂ ਬਹੁਤ ਸਪਸ਼ਟ ਰੂਪ ਵਿੱਚ ਦੇਖ ਸਕਦੇ ਹੋ, ਜਾਂ ਤੁਸੀਂ ਬਿਲਕੁਲ ਨਹੀਂ ਦੇਖ ਸਕਦੇ। ਉਹਨਾਂ ਵਸਤੂਆਂ ਨੂੰ ਹੇਠਾਂ ਸਾਰਣੀ ਵਿੱਚ ਭਰੋ।।



| ਜਿੰਨ੍ਹਾਂ ਦੇ ਆਰ-ਪਾਰ ਸਾਫ਼ ਦਿਖਾਈ ਦਿੰਦਾ ਹੈ। | ਜਿੰਨ੍ਹਾਂ ਦੇ ਆਰ-ਪਾਰ ਧੁੰਦਲਾ ਦਿਖਾਈ ਦਿੰਦਾ ਹੈ | ਜਿੰਨ੍ਹਾਂ ਦੇ ਆਰ-ਪਾਰ ਕੁਝ ਨਹੀਂ ਵੇਖਿਆ ਜਾ ਸਕਦਾ |
|---|---|---|
| | | |
| | | |
| | | |
| | | |
| | | |
| | | |

**ਧਿਆਨ ਰੱਖੋ!**

ਕਿਸੇ ਵਸਤੂ ਰਾਹੀਂ ਜਾਂ ਸਿੱਧੇ ਤੌਰ ਤੇ ਕਦੇ ਵੀ ਸੂਰਜ ਨੂੰ ਲਗਾਤਾਰ ਨਾ ਵੇਖੋ - . ਇਹ ਤੁਹਾਡੀਆਂ ਅੱਖਾਂ ਨੂੰ ਨੁਕਸਾਨ ਪਹੁੰਚਾਏਗਾ।

ਜਿੰਨ੍ਹਾਂ ਚੀਜ਼ਾਂ ਨੂੰ ਤੁਸੀਂ ਦੇਖ ਸਕਦੇ ਹੋ ਉਹਨਾਂ ਨੂੰ **ਪਾਰਦਰਸ਼ੀ** ਕਿਹਾ ਜਾਂਦਾ ਹੈ। ਜ਼ਿਆਦਾਤਰ ਕੱਚ ਪਾਰਦਰਸ਼ੀ ਹੁੰਦੇ ਹਨ। ਇੱਕ ਹੋਰ ਸਮੱਗਰੀ ਦਾ ਨਾਮ ਦੱਸੋ ਜੋ ਪਾਰਦਰਸ਼ੀ ਹੈ।







© NCERT not to be republished

ਤੁਸੀਂ ਸ਼ੀਸ਼ੇ ਰਾਹੀਂ ਦੇਖ ਸਕਦੇ ਹੋ ਪਰ ਤੁਸੀਂ ਲੱਕੜ ਰਾਹੀਂ ਨਹੀਂ ਦੇਖ ਸਕਦੇ। ਉਹ ਸਮੱਗਰੀ ਜਿੰਨ੍ਹਾਂ ਨੂੰ ਤੁਸੀਂ ਨਹੀਂ ਦੇਖ ਸਕਦੇ ਉਹਨਾਂ ਨੂੰ **ਅਪਾਰਦਰਸ਼ੀ** ਕਿਹਾ ਜਾਂਦਾ ਹੈ।

ਗਲਾਸ ਪਾਰਦਰਸ਼ੀ ਹੈ ਪਰ ਲੱਕੜ ਅਪਾਰਦਰਸ਼ੀ ਹੈ।



ਕੁਝ ਚੀਜ਼ਾਂ ਵਿਚਕਾਰ ਹੁੰਦੀਆਂ ਹਨ - ਭਾਵ, ਤੁਸੀਂ ਉਨ੍ਹਾਂ ਦੁਆਰਾ ਸਿਰਫ ਅੰਸ਼ਕ ਤੌਰ(ਧੁੰਦਲਾ) ਤੇ ਦੇਖ ਸਕਦੇ ਹੋ। ਉਨ੍ਹਾਂ ਨੂੰ **ਬਲੌਰੀ** ਕਿਹਾ ਜਾਂਦਾ ਹੈ।. ਕੁਝ ਸਮੱਗਰੀਆਂ ਲੱਭੋ ਜੋ ਬਲੌਰੀ ਹਨ।



## ਗਤੀਵਿਧੀ ੪

### ਆਓ ਅਸੀਂ ਸੰਸਾਰ ਨੂੰ ਰੰਗ ਦੇਈਏ!



ਦੋ ਜਾਂ ਤਿੰਨ ਪਾਰਦਰਸ਼ੀ ਵੱਖ-ਵੱਖ ਰੰਗਾਂ ਦੀਆਂ ਥੈਲੀਆਂ, ਬੋਤਲਾਂ ਜਾਂ ਪਤਲੇ ਕੱਪੜੇ ਲਓ। ਉਸਦੇ ਸਾਹਮਣੇ ਇੱਕ ਚਿੱਟੇ ਕਾਗਜ਼ ਰੱਖ ਕੇ ਦੇਖੋ।

- ਕੀ ਕਾਗਜ਼ ਦਾ ਰੰਗ ਬਦਲਦਾ ਜਾਪਦਾ ਹੈ?
- ਕੀ ਚਿੱਟਾ ਕਾਗਜ਼ ਤੋਂ ਜਦੋਂ ਤੁਸੀਂ ਇਸ ਨੂੰ ਪਤਲੇ ਨੀਲੇ ਪਲਾਸਟਿਕ ਜਾਂ ਕੱਚ ਰਾਹੀਂ ਵੇਖਦੇ ਹੋ? ਕੁਝ ਵੱਖਰਾ ਦਿਖਾਈ ਦਿੰਦਾ ਹੈ ਜਾਂ, ਪਤਲਾ ਪੀਲਾ ਪਲਾਸਟਿਕ ਜਾਂ ਕੱਚ ਨਾਲ ਦੇਖਣ ਨਾਲ ਕੀ ਬਦਲਾਵ ਆਉਂਦਾ ਹੈ ?
- ਕੀ ਵੱਖ-ਵੱਖ ਵਸਤੂਆਂ ਦੇ ਰੰਗ ਬਦਲਦੇ ਦਿਖਾਈ ਦਿੰਦੇ ਹਨ? ਇੱਕ ਨੀਲੀ ਵਸਤੂ ਪਤਲੀ ਪੀਲੇ ਪਲਾਸਟਿਕ ਰਾਹੀਂ ਕਿਵੇਂ ਦਿਖਾਈ ਦਿੰਦੀ ਸੀ?
- ਕੀ ਤੁਸੀਂ ਪਹਿਲਾਂ ਰੰਗੀਨ ਪਾਰਦਰਸ਼ੀ ਵਸਤੂਆਂ ਨੂੰ ਵੇਖਣ ਦਾ ਤਜਰਬਾ ਕੀਤਾ ਹੈ? ਅਜਿਹੇ ਤਜ਼ਰਬਿਆਂ ਨੂੰ ਯਾਦ ਕਰਨ ਦੀ ਕੋਸ਼ਿਸ਼ ਕਰੋ।

© NCERT not to be republished



# ਇਹ ਵਸਤੂ ਕਿਸ ਤੋਂ ਬਣੀ ਹੈ?

## ਆਓ ਖ਼ੁਸ਼ੀ ਦੇ ਜਮਾਤ ਵੱਲ ਮੁੜੀਏ।

**ਲਿਖਣਾ**

### ਚੇਨ ਖੇਡ

- ਹੇਠਾਂ ਦਿੱਤੀ ਸਾਰਣੀ ਵਿੱਚ, ਖ਼ੁਸ਼ੀ ਨੇ ਵਸਤੂਆਂ ਨੂੰ ਉਨ੍ਹਾਂ ਸਮੱਗਰੀਆਂ ਦੇ ਅਨੁਸਾਰ ਸਮੂਹਬੱਧ ਕੀਤਾ ਹੈ ਜਿੰਨ੍ਹਾਂ ਤੋਂ ਉਹ ਬਣੇ ਹਨ। ਉਸ ਦੀਆਂ ਵਸਤੂਆਂ ਦੀ ਸੂਚੀ ਸਾਰਣੀ ਦੇ ਪਹਿਲੇ ਕਾਲਮ ਵਿੱਚ ਵਸਤੂਆਂ ਦੇ ਨਾਮ ਹਨ। ਦੂਜੀ ਸਾਰਣੀ ਵਿੱਚ ਜਿਸ ਸਮੱਗਰੀ ਤੋਂ ਉਹ ਬਣੇ ਹਨ ਉਹਨਾਂ ਦੇ ਨਾਮ ਹਨ।
- ਸਾਰਣੀ ਦਾ ਤੀਜਾ ਕਾਲਮ ਤੁਹਾਡੇ ਲਈ ਪੂਰਾ ਖਾਲੀ ਹੈ। ਇੱਥੇ ਕੁਝ ਵਸਤੂਆਂ ਦੇ ਨਾਮ ਲਿਖੋ ਜੋ ਤੁਸੀਂ ਵੇਖੀਆਂ ਹਨ ਜੋ ਉਸ ਸਮੱਗਰੀ ਤੋਂ ਬਣਾਈਆਂ ਗਈਆਂ ਹਨ। ਤੁਹਾਡੇ ਆਲੇ-ਦੁਆਲੇ ਦੀਆਂ ਕੁਝ ਵਸਤੂਆਂ ਉਹਨਾਂ ਸਮੱਗਰੀਆਂ ਤੋਂ ਬਣਾਈਆਂ ਜਾ ਸਕਦੀਆਂ ਹਨ ਜੋ ਇਸ ਸੂਚੀ ਵਿੱਚ ਨਹੀਂ ਹਨ, ਉਦਾਹਰਨ ਲਈ, ਖ਼ੁਸ਼ੀ ਦੀ ਸੂਚੀ ਵਿੱਚ ਮਿੱਟੀ ਅਤੇ ਰਬੜ ਗਾਇਬ ਹਨ। ਟੇਬਲ ਵਿੱਚ ਇੱਕ ਵਾਧੂ ਡੱਬੇ ਜੋੜਨ ਲਈ ਇਹਨਾਂ ਵਿੱਚੋਂ ਇੱਕ ਦੀ ਵਰਤੋਂ ਕਰੋ।

| ਖ਼ੁਸ਼ੀ ਦੀ ਸੂਚੀ | ਸਮੱਗਰੀ ਦਾ ਨਾਮ | ਇਸ ਸਮੱਗਰੀ ਤੋਂ ਬਣੀਆਂ ਵਸਤੂਆਂ ਜੋ ਤੁਹਾਡੇ ਜਮਾਤ ਜਾਂ ਘਰ ਵਿੱਚ ਹਨ |
|---|---|---|
| ਮੇਜ਼, ਕੁਰਸੀ, ਦਰਵਾਜ਼ਾ | ਲੱਕੜ | ਉਦਾਹਰਨ ਲਈ, ਪੈਨਸਿਲ |
| ਦਰਵਾਜ਼ੇ ਦੇ ਕਬਜੇ, ਕੀਲ | ਧਾਤ | |
| ਖਿੜਕੀਆਂ, ਬਿਜਲੀ ਬੱਲਬ | ਕੱਚ | |
| ਬਿਜਲੀ ਦੇ ਬਟਨ | ਪਲਾਸਟਿਕ | |
| | | |

ਇਹ ਸਾਰੀਆਂ ਸਮੱਗਰੀਆਂ ਕਿੱਥੋਂ ਆਉਂਦੀਆਂ ਹਨ? ਕੀ ਤੁਸੀਂ ਉਨ੍ਹਾਂ ਦੇ ਸਰੋਤ ਦਾ ਪਤਾ ਲਗਾ ਸਕਦੇ ਹੋ?

ਉਦਾਹਰਨ ਲਈ, ਲੱਕੜ - ਰੁੱਖ

ਧਾਤਾਂ - ______________

ਕੱਪੜਾ - ______________

**ਕੀ ਤੁਸੀ ਜਾਣਦੇ ਹੋ?**

ਕੱਚ ਜ਼ਿਆਦਾਤਰ ਰੇਤ ਦਾ ਬਣਿਆ ਹੁੰਦਾ ਹੈ।





© NCERT not to be republished




**ਆਪਣੇ ਦਾਦਾ-ਦਾਦੀ ਨਾਲ ਗੱਲ ਕਰੋ**

- ਜਦੋਂ ਉਹ ਛੋਟੇ ਸਨ, ਕੀ ਇਹ ਚੀਜ਼ਾਂ ਉਸ ਸਮੇਂ ਵੀ ਉਸੇ ਸਮੱਗਰੀ ਤੋਂ ਬਣੀਆਂ ਸਨ?
- ਕੀ ਹੁਣ ਕੋਈ ਨਵੀਂ ਸਮੱਗਰੀ ਹੈ ਜੋ ਉਨ੍ਹਾਂ ਨੇ ਪਹਿਲਾਂ ਨਹੀਂ ਦੇਖੀ ਹੋਵੇਗੀ?
- ਕੀ ਕੋਈ ਸਮੱਗਰੀ ਹੈ ਜੋ ਉਨ੍ਹਾਂ ਨੇ ਆਪਣੇ ਬਚਪਨ ਵਿੱਚ ਦੇਖੀ ਸੀ ਜੋ ਹੁਣ ਵਰਤੋਂ ਵਿੱਚ ਨਹੀਂ ਹਨ? ਕਿਉਂ?

ਵੱਖ-ਵੱਖ ਸਮੱਗਰੀਆਂ ਵੱਖਰੀਆਂ ਦਿਖਾਈ ਦੇ ਸਕਦੀਆਂ ਹਨ। ਕੀ ਉਹ ਹੋਰ ਤਰੀਕਿਆਂ ਨਾਲ ਵੀ ਵੱਖਰੇ ਹਨ? ਕੀ ਤੁਸੀਂ ਆਪਣੀਆਂ ਅੱਖਾਂ ਬੰਦ ਕਰਕੇ ਵੀ ਕੁਝ ਸਮੱਗਰੀ ਨੂੰ ਪਛਾਣ ਸਕਦੇ ਹੋ?




- ਤੁਹਾਡਾ ਚਮਚ ਕਿਸ ਸਮੱਗਰੀ ਤੋਂ ਬਣਿਆ ਹੈ?
- ਕੀ ਇਹ ਧਾਤ, ਲੱਕੜ ਜਾਂ ਕਿਸੇ ਹੋਰ ਸਮੱਗਰੀ ਤੋਂ ਬਣਿਆ ਹੈ? ਕੀ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ?
- ਇਹਨਾਂ ਵਿੱਚੋਂ ਕਿਹੜਾ ਸ਼ਬਦ ਜਾਂ ਵਾਕਾਂਸ਼ ਚਮਚ ਦਾ ਵਰਣਨ ਕਰਦਾ ਹੈ?

| | | | |
|---|---|---|---|
| ਚਿਕਨਾ | ਖੁਰਦਰਾ | ਚਮਕਹੀਨ | ਚਮਕਦਾਰ |
| ਛੂਹਣ ਨਾਲ ਠੰਢਾ ਮਹਿਸੂਸ ਹੁੰਦੀ ਹੈ। | | | |





not to be republished © NCERT



## ਗਤੀਵਿਧੀ ੫

### ਇਸ 'ਤੇ ਮਾਰੋ ਅਤੇ ਤੁਹਾਨੂੰ ਅਵਾਜ਼ ਆਵੇਗੀ!
### ਆਰਕੈਸਟਰਾ

ਇੱਕ ਧਾਤੂ ਦਾ ਚਮਚ ਅਤੇ ਘੱਟੋ ਘੱਟ ਪੰਜ ਚੀਜ਼ਾਂ ਲਓ ਜੋ ਵੱਖ-ਵੱਖ ਸਮੱਗਰੀ ਤੋਂ ਬਣੀਆਂ ਹੋਣ—ਲੱਕੜ, ਧਾਤ, ਪਲਾਸਟਿਕ, ਕੱਪੜਾ ਅਤੇ ਕੱਚ। ਉਨ੍ਹਾਂ ਵਿੱਚੋਂ ਹਰੇਕ 'ਤੇ ਚਮਚ ਨੂੰ ਹੌਲੀ ਹੌਲੀ ਮਾਰੋ। ਉਸ ਆਵਾਜ਼ ਨੂੰ ਸੁਣੋ ਜੋ ਉਨ੍ਹਾਂ ਵਿੱਚੋਂ ਆਵੇਗੀ। ਇਨ੍ਹਾਂ ਸਾਰੀਆਂ ਵੱਖ-ਵੱਖ ਆਵਾਜ਼ਾਂ ਦਾ ਵਰਣਨ ਕਰਨ ਲਈ ਆਪਣੇ ਖੁਦ ਦੇ ਸ਼ਬਦ ਬਣਾਓ।

ਉਨ੍ਹਾਂ ਆਵਾਜ਼ਾਂ ਨੂੰ ਸ਼ਬਦਾਂ ਦੇ ਮਾਧਿਅਮ ਨਾਲ ਬੋਲ ਕੇ ਬਣਾਓ, ਜਿਵੇਂ ਕਿ ਟਿੰਗ-ਟਿੰਗ, ਧੁਮ-ਧੁਮ, ਡਬ-ਡਬ, ...

ਹੁਣ ਆਪਣੀਆਂ ਧੜਕਣਾਂ ਦੀ ਰਚਨਾ ਕਰੋ।



ਟਿੰਗ, ਟਿੰਗ, ਠੱਕ, ਠੱਕ
ਟਿੰਗ, ਠੱਕ, ਟਿੰਗ, ਠੱਕ!

## ਕਿ ਇਹ ਮੁੜ ਗਿਆ?

ਖੁਸ਼ੀ ਦੀ ਮੇਜ਼ ਲੱਕੜ ਦੀ ਬਣੀ ਹੋਈ ਹੈ। ਟੇਬਲ ਬਣਾਉਣ ਲਈ ਹੋਰ ਕੀ ਵਰਤਿਆ ਜਾਂਦਾ ਹੈ? ਕੀ ਅਸੀਂ ਮੇਜ਼ ਬਣਾਉਣ ਲਈ ਕੱਪੜੇ ਜਾਂ ਰਬੜ ਦੀ ਵਰਤੋਂ ਕਰ ਸਕਦੇ ਹਾਂ? ਕਿਉਂ ਜਾਂ ਕਿਉਂ ਨਹੀਂ?

ਲੱਕੜ ਕਠੋਰ ਅਤੇ ਸਖ਼ਤ ਹੁੰਦੀ ਹੈ ਜਦੋਂ ਕਿ ਕੱਪੜਾ ਨਰਮ ਅਤੇ ਲਚਕਦਾਰ ਹੁੰਦਾ ਹੈ। ਕੱਪੜੇ ਦੀ ਲਚਕਤਾ ਕੱਪੜੇ ਅਤੇ ਪਰਦੇ ਬਣਾਉਣ ਲਈ ਵਧੇਰੇ ਢੁਕਵੀਂ ਬਣਾਉਂਦੀ ਹੈ। ਕਲਪਨਾ ਕਰੋ ਕਿ ਜੇ ਕੱਪੜੇ ਲੱਕੜ ਦੇ ਬਣੇ ਹੁੰਦੇ!

## ਲਿਖਣਾ

### ਬੇ-ਮੇਲ ਜੋੜੇ

ਪੰਜ ਵਸਤੂਆਂ ਦੀ ਸੂਚੀ ਬਣਾਓ ਅਤੇ ਉਨ੍ਹਾਂ ਨੂੰ ਅਜਿਹੀ ਸਮੱਗਰੀ ਨਾਲ ਜੋੜੋ ਜੋ ਇਸ ਲਈ ਢੁਕਵੀਂ ਨਹੀਂ ਹੈ! ਵਰਣਨ ਕਰੋ ਕਿ ਇਹ ਸਮੱਗਰੀਆਂ ਇਹਨਾਂ ਵਸਤੂਆਂ ਨੂੰ ਬਣਾਉਣ ਲਈ ਕੰਮ ਕਿਉਂ ਨਹੀਂ ਕਰਨਗੀਆਂ। ਇੱਕ ਉਦਾਹਰਣ ਤੁਹਾਡੇ ਲਈ ਕੀਤੀ ਗਈ ਹੈ।

© NCERT not to be republished



| ਲੜੀ ਨੰ. | ਵਸਤੂ | ਪਦਾਰਥ | ਕਾਰਨ |
|---|---|---|---|
| ੧. | ਛੱਤਰੀ | ਕਾਗਜ਼ | ਜੇ ਕਾਗਜ਼ ਮੀਂਹ ਵਿੱਚ ਗਿੱਲਾ ਹੋ ਜਾਂਦਾ ਹੈ ਤਾਂ ਉਹ ਫੱਟ ਜਾਵੇਗਾ |
| ੨. | | | |
| ੩. | | | |
| ੪. | | | |

## ਕਿ ਇਹ ਬਣਦਾ ਹੈ?

ਖੁਸ਼ੀ ਨੇ ਆਪਣੀ 'ਬੇ-ਮੇਲ ਜੋੜੀਆਂ' ਵਿਚ ਖੇਡਦੇ ਹੋਏ ਲਿਖਿਆ, 'ਕੰਧਾਂ ਪਾਣੀ ਨਾਲ ਨਹੀਂ ਬਣਾਈਆਂ ਜਾ ਸਕਦੀਆਂ।

ਅਸੀਂ ਪਾਣੀ ਦੀਆਂ ਕੰਧਾਂ ਨਹੀਂ ਬਣਾਉਂਦੇ ਕਿਉਂਕਿ ਉਹ ਡਿੱਗ ਜਾਣਗੀਆਂ। ਪਾਣੀ ਦੀਆਂ ਕੰਧਾਂ ਦਾ ਹੋਰ ਕੀ ਹੋ ਸਕਦਾ ਹੈ? ਸਾਨੂੰ ਕੰਧਾਂ ਬਣਾਉਣ ਲਈ ਪੱਥਰ, ਇੱਟਾਂ ਜਾਂ ਲੱਕੜ ਵਰਗੀਆਂ 'ਠੋਸ' ਚੀਜ਼ਾਂ ਦੀ ਲੋੜ ਹੁੰਦੀ ਹੈ। ਜਿਹੜੀਆਂ ਚੀਜ਼ਾਂ ਆਪਣਾ ਆਕਾਰ ਨਹੀਂ ਬਦਲਦੀਆਂ, ਉਨ੍ਹਾਂ ਨੂੰ 'ਠੋਸ' ਕਿਹਾ ਜਾਂਦਾ ਹੈ।

ਪਾਣੀ ਆਪਣਾ ਆਕਾਰ ਨਹੀਂ ਰੱਖਦਾ - ਇਹ ਵਗਦਾ ਰਹਿੰਦਾ ਹੈ। ਹਵਾ ਵੀ ਵਗਦੀ ਹੈ, ਪਰ ਹਵਾ ਤੇ ਪਾਣੀ ਦੇ ਵਹਿਣ ਦੇ ਤਰੀਕੇ ਵੱਖਰੇ ਹਨ। ਜੇ ਤੁਸੀਂ ਇੱਕ ਕੱਪ ਵਿੱਚ ਪਾਣੀ ਪਾਉਂਦੇ ਹੋ ਤਾਂ ਇਹ ਉੱਥੇ ਹੀ ਰਹਿੰਦਾ ਹੈ। ਪਾਣੀ ਇੱਕ 'ਤਰਲ' ਹੈ। ਹਵਾ ਇੱਕ ਕੱਪ ਵਿੱਚ ਨਹੀਂ ਰਹਿੰਦੀ, ਇਹ ਸਿਰਫ ਅੰਦਰ ਅਤੇ ਬਾਹਰ ਵਗਦੀ ਹੈ। ਇਹ ਇਸ ਲਈ ਹੁੰਦਾ ਹੈ ਕਿਉਂਕਿ ਹਵਾ ਇੱਕ ਗੈਸ ਹੈ।

ਇਸ ਲਈ ਵਸਤੂਆਂ ਨੂੰ ਠੋਸ, ਤਰਲ ਅਤੇ ਗੈਸਾਂ ਵਜੋਂ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ।



ਠੋਸ



ਤਰਲ



ਗੈਸ



© NCERT not to be republished

## ਗਤੀਵਿਧੀ ੬

ਆਓ ਉਨ੍ਹਾਂ ਨੂੰ ਕਿਸੇ ਹੋਰ ਤਰੀਕੇ ਨਾਲ ਸਮੂਹਿਤ ਕਰੀਏ!

ਇੱਥੇ ਕੁਝ ਵਸਤੂਆਂ ਦੇ ਨਾਮ ਹਨ: ਸਿਆਹੀ, ਇੱਕ ਪੱਥਰ, ਧੂੰਆਂ, ਬਰਫ, ਭਾਫ, ਇੱਕ ਚਮਚ, ਸ਼ਹਿਦ, ਇੱਕ ਬੋਤਲ, ਇੱਕ ਬੈਗ, ਪਾਣੀ।

ਜੇ ਇਹ ਠੋਸ ਹੈ, ਤਾਂ ਟ੍ਰੇ 'ਤੇ ਇਸਦਾ ਨਾਮ ਲਿਖੋ; ਜੇ ਇਹ ਤਰਲ ਹੈ, ਤਾਂ ਬੋਤਲ ਵਿੱਚ ਇਸਦਾ ਨਾਮ ਲਿਖੋ; ਜੇ ਇਹ ਗੈਸ ਹੈ, ਤਾਂ ਗੁਬਾਰੇ ਵਿੱਚ ਇਸਦਾ ਨਾਮ ਲਿਖੋ।





ਟ੍ਰੇ, ਬੋਤਲ ਅਤੇ ਗੁਬਾਰੇ ਵਿੱਚ ਆਪਣੀਆਂ ਕੁਝ ਚੀਜ਼ਾਂ ਸ਼ਾਮਲ ਕਰੋ।

ਕੁਝ ਚੀਜ਼ਾਂ ਉਲਝਣ ਵਾਲੀਆਂ ਹੋ ਸਕਦੀਆਂ ਹਨ, ਜਿਵੇਂ ਕਿ ਰੇਤ, ਸਪੋਂਜ ਜਾਂ ਮਿੱਟੀ। ਅਜਿਹੀਆਂ ਹੋਰ ਵਸਤੂਆਂ ਦੀ ਪਛਾਣ ਕਰੋ ਅਤੇ ਉਨ੍ਹਾਂ ਵਿੱਚੋਂ ਘੱਟੋ ਘੱਟ ਤਿੰਨ ਦੇ ਨਾਮ ਲਿਖੋ।

© NCERT not to be republished

### ਅਧਿਆਪਕ ਨੋਟ

ਰਬੜ, ਫਾਈਬਰ ਅਤੇ ਮੋਮ ਵਰਗੀਆਂ ਸਮੱਗਰੀਆਂ ਕੁਦਰਤੀ ਤੌਰ 'ਤੇ ਪੌਦਿਆਂ ਅਤੇ ਜਾਨਵਰਾਂ ਦੁਆਰਾ ਤਿਆਰ ਕੀਤੀਆਂ ਜਾ ਸਕਦੀਆਂ ਹਨ, ਪਰ ਇਸੇ ਤਰ੍ਹਾਂ ਦੀਆਂ ਸਮੱਗਰੀਆਂ ਨਕਲੀ ਢੰਗ ਨਾਲ ਵੀ ਬਣਾਈਆਂ ਜਾਂਦੀਆਂ ਹਨ। ਉਦਾਹਰਨ ਲਈ, ਮਧੂ ਮੱਖੀਆਂ ਆਪਣੇ ਸ਼ਹਿਦ ਦੇ ਛੱਤੇ ਲਈ ਮੋਮ ਪੈਦਾ ਕਰਦੀਆਂ ਹਨ, ਪਰ ਪੈਟਰੋਲੀਅਮ ਤੋਂ ਬਹੁਤ ਸਮਾਨ ਮੋਮ ਬਣਾਇਆ ਜਾ ਸਕਦਾ ਹੈ। ਪੈਟਰੋਲੀਅਮ ਇੱਕ ਤਰਲ ਪਦਾਰਥ ਹੈ ਜੋ ਧਰਤੀ ਦੇ ਬਹੁਤ ਗਹਿਰਾਈ ਵਿੱਚ ਪਾਇਆ ਜਾਂਦਾ ਹੈ। ਪੈਟਰੋਲੀਅਮ ਤੋਂ ਪੈਟਰੋਲ, ਕੈਰੋਸੀਨ, ਡੀਜ਼ਲ ਆਦਿ ਕੱਢੇ ਜਾਂਦੇ ਹਨ। ਪੈਟਰੋਲੀਅਮ ਅਧਾਰਤ ਸਮੱਗਰੀ, ਜਿਵੇਂ ਕਿ ਪੈਟਰੋਲ, ਪਲਾਸਟਿਕ, ਰਬੜ ਜਾਂ ਪੈਰਾਫਿਨ ਮੋਮ, 'ਗੈਰ-ਬਾਇਓਡੀਗ੍ਰੇਡੇਬਲ' ਕੂੜਾ ਪੈਦਾ ਕਰਦੇ ਹਨ। ਇਸ ਸੰਕਲਪ ਨੂੰ ਕਲਾਸ 3 ਵਿੱਚ ਉਲੇਖ ਕੀਤਾ ਗਿਆ ਹੈ, ਅਤੇ ਵਿਸਥਾਰ ਵਿਚ ਬਾਅਦ ਦੀਆਂ ਕਲਾਸਾਂ ਵਿੱਚ ਕੀਤਾ ਜਾਵੇਗਾ।.



## ਕੁਦਰਤੀ - ਬਣਾਉਟੀ



ਖੁਸ਼ੀ ਨੇ ਇੱਕ ਅੰਬ ਦੇ ਰੁੱਖ ਦੀ ਤਸਵੀਰ ਬਣਾਈ ਜਿਸ 'ਤੇ ਅੰਬ ਉੱਗ ਰਿਹਾ ਸੀ ਅਤੇ ਉਸ 'ਤੇ ਇੱਕ ਪੰਛੀ ਬੈਠਾ ਸੀ। ਰੁੱਖ, ਅੰਬ ਅਤੇ ਪੰਛੀ ਮਨੁੱਖਾਂ ਦੁਆਰਾ ਨਹੀਂ ਬਣਾਏ ਗਏ ਹਨ ਪਰ ਕੁਦਰਤ ਵਿੱਚ ਕੁਦਰਤੀ ਤੌਰ ਤੇ ਹੁੰਦੇ ਹਨ। ਕੁਦਰਤੀ ਤੌਰ 'ਤੇ ਮੌਜੂਦ ਚੀਜ਼ਾਂ ਨੂੰ 'ਕੁਦਰਤੀ' ਕਿਹਾ ਜਾਂਦਾ ਹੈ। ਕੁਦਰਤੀ ਚੀਜ਼ਾਂ ਜੀਵਤ ਹੋ ਸਕਦੀਆਂ ਹਨ, ਜਿਵੇਂ ਪੌਦੇ ਅਤੇ ਜਾਨਵਰ, ਜੋ ਜੀਵਤ ਨਹੀਂ ਹੋ ਸਕਦੀਆਂ, ਜਿਵੇਂ ਕਿ ਪੱਥਰ, ਪਾਣੀ ਅਤੇ ਹਵਾ।

ਜਿਹੜੀਆਂ ਚੀਜ਼ਾਂ ਲੋਕਾਂ ਦੁਆਰਾ ਬਣਾਈਆਂ ਜਾਂਦੀਆਂ ਹਨ ਉਨ੍ਹਾਂ ਨੂੰ 'ਬਣਾਉਟੀ' ਕਿਹਾ ਜਾਂਦਾ ਹੈ ਜਿਵੇਂ ਕਿ ਕੱਪੜੇ, ਜੁੱਤੀਆਂ, ਮੇਜ਼ ਆਦਿ।

ਹਰੇਕ ਗਰੁੱਪ ਵਿੱਚ ਪੰਜ ਚੀਜ਼ਾਂ ਦੀ ਸੂਚੀ ਬਣਾਓ।

- ਕੁਦਰਤੀ: ____________________________
- ਬਣਾਉਟੀ: ____________________________

ਅਗਲੇ ਅਧਿਆਇ ਵਿੱਚ ਅਸੀਂ ਅੱਗੇ ਪੜਚੋਲ ਕਰਾਂਗੇ ਕਿ ਚੀਜ਼ਾਂ ਕਿਵੇਂ ਬਣਾਈਆਂ ਜਾਂਦੀਆਂ ਹਨ।




ਕੀ ਤੁਸੀਂ ਆਪਣੇ ਆਲੇ ਦੁਆਲੇ ਅਜਿਹੇ ਰੁੱਖਾਂ ਨੂੰ ਦੇਖਿਆ ਹੈ ਜੋ ਸਾਲ ਦੇ ਖਾਸ ਸਮੇਂ 'ਤੇ ਫੁੱਲ ਅਤੇ ਫਲ ਦਿੰਦੇ ਹਨ? ਜੇ ਤੁਸੀਂ ਕਦੇ ਪੱਕਾ ਅੰਬ ਖਾਧਾ ਹੈ ਜਾਂ ਬਾਜ਼ਾਰ ਵਿੱਚ ਅੰਬ ਦੇਖੇ ਹਨ ਜਾਂ ਸਾਲ ਭਰ ਅੰਬ ਦੇ ਰੁੱਖ ਨੂੰ ਦੇਖਿਆ ਹੈ, ਤਾਂ ਅੰਦਾਜ਼ਾ ਲਗਾਉਣ ਦੀ ਕੋਸ਼ਿਸ਼ ਕਰੋ- ਖੁਸ਼ੀ ਨੇ ਸਾਲ ਦੇ ਕਿਸ ਸਮੇਂ ਇਹ ਤਸਵੀਰ ਬਣਾਈ ਸੀ? ਕੀ ਇਹ ਜਨਵਰੀ ਦੇ ਆਸ ਪਾਸ ਹੋ ਸਕਦਾ ਹੈ ਜਾਂ ਜੂਨ ਦੇ ਆਸ ਪਾਸ?



© NCERT not to be republished

## ਆਓ ਵਿਚਾਰ ਕਰੀਏ

### ੳ. ਲਿਖੋ

ਸਾਡੇ ਆਲੇ-ਦੁਆਲੇ ਦੀਆਂ ਚੀਜ਼ਾਂ ਵੱਖ-ਵੱਖ ਕਿਸਮਾਂ ਦੀਆਂ ਸਮੱਗਰੀਆਂ ਤੋਂ ਬਣੀਆਂ ਹੁੰਦੀਆਂ ਹਨ। ਤਿੰਨ ਸਮੱਗਰੀਆਂ ਦੇ ਨਾਮ ਲਿਖੋ ਜੋ ਅਸੀਂ ਆਮ ਤੌਰ 'ਤੇ ਆਪਣੇ ਆਲੇ ਦੁਆਲੇ ਵੇਖਦੇ ਹਾਂ।

---

### ਅ. ਵਿਚਾਰ- ਚਰਚਾ ਕਰੋ

ਮੰਨ ਲਓ ਕਿ ਤੁਹਾਨੂੰ ਇੱਕ ਚਮਕਦਾ ਚਮਚ ਮਿਲਦਾ ਹੈ। ਤੁਸੀਂ ਨਹੀਂ ਜਾਣਦੇ ਕਿ ਇਹ ਕਿਸ ਧਾਤ ਦਾ ਬਣਿਆ ਹੈ ਜਾਂ ਕੀ ਇਹ ਕਿਸੇ ਹੋਰ ਸਮੱਗਰੀ ਤੋਂ ਬਣਿਆ ਹੈ ਅਤੇ ਇਹ ਚਮਕਦਾਰ ਪੇਂਟ ਨਾਲ ਰੰਗਿਆ ਗਿਆ ਹੈ। ਤੁਹਾਨੂੰ ਕਿਵੇਂ ਪਤਾ ਲੱਗੇਗਾ ਇਹ ਵਾਸਤਵ ਵਿੱਚ ਕਿਸ ਤੋਂ ਬਣੀ ਹੈ?

### ੲ. ਚਿੱਤਰ ਬਣਾਓ

ਤਿੰਨ ਕੁਦਰਤੀ ਅਤੇ ਤਿੰਨ ਬਣਾਉਟੀ ਚੀਜ਼ਾਂ ਦੇ ਚਿੱਤਰ ਬਣਾਓ।

© NCERT not to be republished

### ਸ. ਇਸਨੂੰ ਕਰੋ

ਆਪਸ ਵਿੱਚ ਮਿਲਾਓ

| | |
|---|---|
| ਪਾਰਦਰਸ਼ੀ | ਕਾਗਜ਼ ਤੋਂ ਬਣਿਆ ਇੱਕ ਲੈਂਪ ਸ਼ੇਡ |
| ਆਧਾ ਪਾਰਦਰਸ਼ੀ | ਇੱਕ ਪਲੇਟ |
| ਅਪਾਰਦਰਸ਼ੀ | ਚਸ਼ਮੇ ਵਿੱਚ ਵਰਤਿਆ ਜਾਣ ਵਾਲਾ ਕੱਚ |

